202628662
12/2/2026
ਡੀ-1

ਦਫਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ
ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫ਼ੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
(ਸੇਵਾਵਾਂ ਸ਼ਾਖਾ), email: dplee.service@punjabeducation.gov.in, Ph. no. 0172-2233916

ਸੇਵਾ ਵਿਖੇ

ਅਤਿ-ਜਰੂਰੀ/
ਮਿਤੀ-ਬੱਧ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਉਪ-ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਪ੍ਰਿੰਸੀਪਲ/ਸਕੂਲ ਮੁਖੀ,
ਪੰਜਾਬ ਰਾਜ।

ਮੀਮੋ ਨੰ: ਈ-764066/2025/ 69
ਮਿਤੀ: ਸਅਸ ਨਗਰ: 11-02-2026

**ਵਿਸ਼ਾ:** **ਪੰਜਾਬ ਐਮ.ਆਈ.ਐਸ. ਪੋਰਟਲ ਤੇ ਐਸ.ਐਮ.ਸੀ. ਮੈਂਬਰਾਂ ਦੇ ਵੇਰਵੇ ਅਪਡੇਟ ਕਰਨ ਸਬੰਧੀ।**

**ਹਵਾਲਾ:** ਇਸ ਦਫ਼ਤਰ ਦੇ ਮੀਮੋ ਨੰ: ਈ-764066/2025/460 ਮਿਤੀ 02.12.2025 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸਮੂਹ ਸਰਕਾਰੀ ਸਕੂਲਾਂ ਦੇ ਮੁਖੀਆਂ (ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਪੰਜਾਬ ਐਮ.ਆਈ.ਐਸ. ਪੋਰਟਲ ਤੇ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਜਾਣਕਾਰੀ, ਖਾਸ ਤੌਰ ਤੇ ਮੋਬਾਈਲ ਨੰਬਰ ਅਤੇ ਰਿਹਾਇਸ਼ੀ ਪਤੇ ਸਮੇਤ, SMC ਪ੍ਰੋਫਾਈਲ ਅਪਡੇਟ ਕੀਤੇ ਜਾਣ, ਪਰੰਤੂ ਇਹ ਕਾਰਵਾਈ ਅਜੇ ਤੱਕ ਸੰਪੂਰਨ ਤੌਰ ਤੇ ਮੁਕੰਮਲ ਨਹੀਂ ਹੋਈ ਹੈ।

2. ਇਸ ਸਬੰਧ ਵਿੱਚ, ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਐਸ.ਐਮ.ਸੀ. ਡਾਟਾ ਹਰ ਹਾਲਤ ਵਿੱਚ ਆਨਲਾਈਨ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ। ਆਪ ਦੇ ਧਿਆਨ ਵਿੱਚ ਇਹ ਵੀ ਲਿਆਇਆ ਜਾਂਦਾ ਹੈ ਕਿ ਮਾਨਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ ਜੀ ਵੱਲੋਂ ਜ਼ਿਲ੍ਹਾ-ਵਾਈਜ਼ ਸਥਿਤੀ ਦੀ ਸਮੀਖਿਆ ਮਿਤੀ 10.02.2026 ਨੂੰ ਹੋਣ ਵਾਲੀ ਰਾਜ ਪੱਧਰੀ ਮੀਟਿੰਗ ਵਿੱਚ ਕੀਤੀ ਜਾਣੀ ਹੈ। ਇਸ ਲਈ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਪੂਰੀ ਜਾਣਕਾਰੀ ਉਕਤ ਮਿਤੀ ਤੋਂ ਪਹਿਲਾ ਐਸ.ਐਮ.ਸੀ. ਆਨਲਾਈਨ ਪੋਰਟਲ ਤੇ ਅਪਡੇਟ ਕਰਨੀ ਬਹੁਤ ਜਰੂਰੀ ਹੈ।

3. ਇਸ ਕਾਰਜ ਨੂੰ ਮਿੱਥੇ ਸਮੇਂ ਦੇ ਅੰਦਰ-ਅੰਦਰ ਪੂਰਾ ਕਰਨ ਲਈ ਇਸਨੂੰ ਪਰਮ ਅਗੇਤ ਦਿੱਤੀ ਜਾਵੇ।

Via Email

ਸੁਪਰਡੰਟ (ਸੇਵਾਵਾਂ ਸ਼ਾਖਾ)

ਪਿੱਠ ਅੰਕਣ ਨੰ: 323
ਮਿਤੀ: 11-02-2026

ਉਤਾਰਾ ਨਿਮਨਲਿਖਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ, ਮਾਨਯੋਗ ਡਾਇਰੈਕਟਰ, ਸਕੂਲ ਐਜੂਕੇਸ਼ਨ (ਐਸਿ/ਸੈਸਿ), ਪੰਜਾਬ।
2. ਡੀ.ਐਮ., ਐਮ.ਆਈ.ਐਸ. ਵਿੰਗ, ਪੰਜਾਬ।

ਸੁਪਰਡੰਟ (ਸੇਵਾਵਾਂ ਸ਼ਾਖਾ)

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 2873 ਮਿਤੀ : 12/02/26

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ **ਐਸ.ਐਮ.ਸੀ** ਕਮੇਟੀ ਮੈਬਰਾਂ ਦੇ ਵੇਰਵੇ ਤੁਰੰਤ ਪੋਰਟਲ ਤੇ ਅਪਲੋਡ ਕਰਨੇ ਯਕੀਨੀ ਬਣਾਏ ਜਾਣ। ਤਾਂ ਜੋ ਵਿਭਾਗ ਨੂੰ ਅੱਜ ਹੀ ਸੂਚਿਤ ਕੀਤਾ ਜਾ ਸਕੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ